# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ

DEOSE.BATHINDA@PUNJABEDUCATION.GOV.IN

ਵੱਲ,

**ਪ੍ਰਿੰਸੀਪਲ / ਮੁੱਖ ਅਧਿਆਪਕ /ਡੀ.ਡੀ.ਓ**

**ਸਸਸਸ / ਸਹਸ, ਜਿਲ੍ਹਾ ਬਠਿੰਡਾ।**

ਪੱਤਰ ਨੰ: ਅ-5/1( )2025/ਤਿਮਾਹੀ ਰਿਪੋਰਟ/2285 ਮਿਤੀ ਬਠਿੰਡਾ-28.07.2025

ਵਿਸ਼ਾ- **ਪੈਨਸ਼ਨ ਕੇਸਾਂ / ਪੈਨਸ਼ਨਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਮੁੱਕਦੀ ਤਿਮਾਹੀ ਮਿਤੀ 30.06.2025 ਤੱਕ ਦੀ ਰਿਪੋਰਟ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਪੱਤਰ ਅਨੁਸਾਰ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਡਾਇਰੈਕਟਰ ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ ਵਿਭਾਗ ਨੂੰ ਪੈਨਸ਼ਨ ਕੇਸਾਂ / ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਮੋਨੀਟਰ ਕਰਨ ਲਈ ਮੁੱਕਦੀ ਤਿਮਾਹੀ ਮਿਤੀ 30.06.2025 ਦੇ ਕੇਸਾਂ ਸਬੰਧੀ ਸੂਚਨਾ ਭੇਜੀ ਜਾਣੀ ਹੈ। ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਕਦੀ ਤਿਮਾਹੀ ਮਿਤੀ 30.06.2025 ਤੱਕ ਦੇ ਪੈਨਸ਼ਨ ਕੇਸਾਂ ਸਬੰਧੀ ਸੂਚਨਾ ਰਾਵੀ ਲਿਪੀ ਵਿੱਚ ਪੈਨਸ਼ਨ ਵਿਭਾਗ ਵਲੋਂ ਨਿਰਧਾਰਿਤ ਪ੍ਰੋਫਾਰਮਿਆਂ (ਨਾਲ ਨੱਥੀ) ਅਨੁਸਾਰ ਤਿਆਰ ਕਰਕੇ **E-Mail id Dekhar.deosebti@gmail.com** ਤੇ ਮਿਤੀ 30.07.2025 ਤੱਕ ਕੇਵਲ ਰਾਵੀ ਲਿਪੀ ਵਿੱਚ ਹੀ ਭੇਜੀ ਜਾਵੇ। ਸੂਚਨਾ ਕੇਵਲ ਐਕਸਲ ਫਾਈਲ ਵਿੱਚ ਭੇਜੀ ਜਾਵੇ।)

ਪਿਛਲੇ ਸਮੇਂ ਦੌਰਾਨ ਤਿਮਾਹੀ ਰਿਪੋਰਟਾਂ ਭੇਜਣ ਸਮੇਂ ਇਹ ਵੇਖਣ ਵਿਚ ਆਇਆ ਹੈ ਕਿ ਕਈ ਸਕੂਲਾਂ ਵਲੋਂ ਇਹ ਸੂਚਨਾ ਸਮੇਂ ਸਿਰ ਨਹੀ ਭੇਜੀ ਜਾਂਦੀ ਅਤੇ ਕਈ ਸਕੂਲਾਂ ਵਲੋਂ ਸੂਚਨਾ ਅਧੂਰੀ ਭੇਜੀ ਜਾਂਦੀ ਹੈ, ਜਿਸ ਕਾਰਨ ਦਫਤਰੀ ਸਮਾਂ ਖਰਾਬ ਹੁੰਦਾ ਹੈ। ਇਸ ਸਬੰਧੀ ਮੁੱਖ ਦਫਤਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ ਅਤੇ ਸਖਤ ਹਦਾਇਤ ਕੀਤੀ ਗਈ ਹੈ ਕਿ ਜਿਸ ਸਕੂਲ ਵਲੋਂ ਇਹ ਸੂਚਨਾ ਸਮੇਂ ਸਿਰ ਨਹੀਂ ਭੇਜੀ ਜਾਂਦੀ, ਉਸ ਸਕੂਲ ਮੁੱਖੀ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਰਿਪੋਰਟ ਨਿਰਧਾਰਿਤ ਮਿਤੀ ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਕਿਸੇ ਵੀ ਪ੍ਰਕਾਰ ਦੀ ਦੇਰੀ/ਅਣਗਹਿਲੀ ਅਤੇ ਅਧੂਰੀ ਸੂਚਨਾ ਦੀ ਸੂਰਤ ਵਿੱਚ ਸਬੰਧਤ ਸਕੂਲ ਮੁੱਖੀ/ ਡੀ.ਡੀ.ਓ ਦੀ ਨਿਰੋਲ ਜ਼ਿੰਮੇਵਾਰੀ ਹੋਵੇਗੀ।

ਨੋਟ –ਨੱਥੀ Instructions ਅਨੁਸਾਰ ਹੀ ਸੂਚਨਾ ਭੇਜੀ ਜਾਵੇ ਅਤੇ ਸੂਚਨਾ ਕੇਵਲ ਰਾਵੀ ਫੋਂਟ ਵਿੱਚ ਹੀ ਭੇਜੀ ਜਾਵੇ।

28/7/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

ਪਿੱਠ ਅੰਕਣ ਨੰ: ਉਕਤ ਮਿਤੀ 28.07.2025

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ –

1. ਮਾਨਯੋਗ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ ਐਸ.ਏ.ਐਸ ਨਗਰ।
2. ਮਾਨਯੋਗ ਡਾਇਰੈਕਟਰ ਪੈਨਸ਼ਨ ਅਤੇ ਪੈਨਸ਼ਨਰਾਂ ਭਲਾਈ ਵਿਭਾਗ, ਸੈਕਟਰ-33 ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

Scanned with OKEN Scanner

# ਤਿਮਾਹੀ ਰਿਪੋਰਟ ਭੇਜਣ ਸਬੰਧੀ ਹਦਾਇਤਾਂ

ਮਿਤੀ: 30.06.2025 ਤੱਕ ਦੀ ਪੈਨਸ਼ਨ ਕੇਸਾਂ/ਪੈਨਸ਼ਨਰਾਂ ਸਬੰਧੀ ਮੁੱਕਦੀ ਤਿਮਾਹੀ ਰਿਪੋਰਟ ਦੀ ਸੂਚਨਾ ਸਬੰਧਤ ਸਕੂਲ ਮੁੱਖੀਆਂ ਵੱਲੋਂ ਹੇਠ ਲਿਖਿਆਂ ਹਦਾਇਤਾਂ ਅਨੁਸਾਰ ਚੈਕ ਕਰਨ ਉਪਰੰਤ ਹੀ ਭੇਜੀ ਜਾਵੇ -

1. ਸਬੰਧਤ ਤਿਮਾਹੀ ਵਿੱਚ ਰਿਟਾਇਰ ਹੋਏ ਸਮੂਹ ਕਰਮਚਾਰੀਆਂ ਦੇ ਨਾਮ ਅਨੁਲੱਗ 1 ਵਿੱਚ ਸ਼ਾਮਿਲ ਕੀਤੇ ਜਾਣ ਭਾਵੇਂ ਕਿ ਉਨ੍ਹਾਂ ਦੀਆਂ ਸਾਰੀਆਂ ਪੇਮੈਂਟਾਂ ਤਿਮਾਹੀ ਦੌਰਾਨ ਹੋ ਚੁੱਕੀਆਂ ਹੋਣ। ਜਿਲ੍ਹਾ ਕੇਸਾਂ ਵਿੱਚ ਮੁਕੰਮਲ ਪੇਮੈਂਟਾਂ ਹੋ ਚੁੱਕੀਆਂ ਹੋਣ ਉਸ ਬਾਰੇ ਵਿਸੇਸ਼ ਕਥਨ ਦੇ ਕਾਲਮ ਵਿੱਚ ਵੇਰਵਾ ਦਿੱਤਾ ਜਾਵੇ। ਨਵੀਂ ਪੈਨਸ਼ਨ ਸਕੀਮ ਤਹਿਤ ਰਿਟਾਇਰ ਹੋਏ ਕਰਮਚਾਰੀਆਂ ਦੇ ਵੇਰਵੇ ਵੀ ਅਨੁਲੱਗ 1 ਵਿੱਚ ਸ਼ਾਮਿਲ ਕੀਤੇ ਜਾਣ। ਸਬੰਧਤ ਸਕੂਲ ਮੁੱਖੀ ਇਹ ਤਸਦੀਕ ਕਰਨਾ ਯਕੀਨੀ ਬਣਾਏ ਕਿ ਉਨ੍ਹਾਂ ਵਲੋਂ ਰਿਟਾਇਰੀਆਂ ਸਬੰਧੀ ਦਿੱਤੀ ਗਈ ਸੂਚਨਾ ਤੋਂ ਇਲਾਵਾ ਉਨ੍ਹਾਂ ਦੇ ਸਕੂਲ ਨਾਲ ਸਬੰਧਤ ਕਿਸੇ ਵੀ ਰਿਟਾਇਰੀ ਦੇ ਪੈਨਸ਼ਨਰੀ ਲਾਭ ਪੈਂਡਿੰਗ ਨਹੀਂ ਹਨ।
2. ਮੌਜੂਦਾ ਤਿਮਾਹੀ ਤੋਂ ਪਿਛਲੇ ਕੇਸ ਸਿਰਫ ਉਹ ਹੀ ਸ਼ਾਮਿਲ ਕੀਤੇ ਜਾਣ ਜਿਨ੍ਹਾਂ ਦੇ ਇੱਕ ਜਾਂ ਇੱਕ ਤੋਂ ਵੱਧ ਰਿਟਾਇਰਮੈਂਟ ਲਾਭ ਦੀ ਅਦਾਇਗੀ ਬਕਾਇਆ ਰਹਿੰਦੀ ਹੋਵੇ।
3. ਨਵੀ ਪੈਨਸ਼ਨ ਸਕੀਮ ਤਹਿਤ ਬਕਾਇਆ ਕੇਸਾਂ ਦਾ ਵੇਰਵਾ ਅਨੁਲੱਗ 6 ਵਿੱਚ ਦਿੱਤਾ ਜਾਵੇ। ਇਨ੍ਹਾਂ ਕਰਮਚਾਰੀਆਂ ਦੇ ਨਾਲ ਅਨੁਲੱਗ 1 ਵਿੱਚ ਵੀ ਸ਼ਾਮਿਲ ਕੀਤੇ ਜਾਣ।
4. ਆਮ ਤੌਰ ਤੇ ਲਿਖਿਆ ਜਾਂਦਾ ਹੈ ਕਿ ਕੇਸ ਖਜਾਨੇ ਵਿੱਚ ਲੰਬਿਤ ਹਨ। ਖਜਾਨੇ ਵਿੱਚ ਲੰਬਿਤ ਕੇਸਾਂ ਦੇ ਬਿਲ ਦਾ ਨੰਬਰ ਅਤੇ ਮਿਤੀ ਸਬੰਧਤ ਖਾਨੇ ਵਿੱਚ ਲਿਖਿਆ ਜਾਵੇ।
5. ਰਿਟਾਇਰਮੈਂਟ/ਅਦਾਇਗੀ ਦੀਆਂ ਮਿਤੀਆਂ ਨੂੰ ਸਕੂਲਾਂ ਵਲੋਂ ਭਿੰਨ-ਭਿੰਨ ਤਰੀਕਿਆਂ ਨਾਲ ਲਿਖਿਆ ਜਾ ਰਿਹਾ ਹੈ। ਮਿਤੀ: DD.MM.YYYY ਦਰਸਾਈਆ ਜਾਣ।
6. ਪੈਨਸ਼ਨ/ਜੀ.ਪੀ.ਐਫ/ਜੀ.ਆਈ.ਐਸ ਦੀ ਮਨਜੂਰੀ ਸਬੰਧੀ ਦੇ ਜੋ ਕੇਸ ਏ.ਜੀ. ਪੰਜਾਬ/ ਜਿਲ੍ਹਾ ਪੱਧਰ ਨੂੰ ਭੇਜੇ ਗਏ ਹਨ, ਉਨ੍ਹਾਂ ਦਾ ਪੱਤਰ ਨੂੰ ਅਤੇ ਮਿਤੀ ਨਾਲ ਜਰੂਰ ਲਿਖਿਆ ਜਾਵੇ।
7. ਸਰਕਾਰ ਦੇ ਪੱਤਰ ਨੰ. FD-FPPCOADVC/7/2020-/FPPC/680 ਮਿਤੀ: 04.05.2020 ਦੀਆਂ ਹਦਾਇਤਾਂ ਦੇ ਸਨਮੁੱਖ ਜੇਕਰ ਕਿਸੇ ਰਿਟਾਇਰਡ ਕਰਮਚਾਰੀ ਨੂੰ ਪ੍ਰੋਵੀਜ਼ਨਲ ਪੈਨਸ਼ਨ ਜਾਰੀ ਕੀਤੀ ਗਈ ਹੈ ਤਾਂ ਉਹ ਹੀ ਵਿਸ਼ੇਸ਼ ਕਥਨ ਵਿੱਚ ਦਰਸਾਈ ਜਾਵੇ।
8. ਰਿਟਾਇਰ ਹੋਣ ਵਾਲੇ ਜਾਂ ਹੋ ਚੁੱਕੇ ਕਰਮਚਾਰੀਆਂ ਦਾ ਅਹੁੱਦਾ ਵੀ ਭਰਿਆ ਜਾਵੇ।
9. ਜੇਕਰ ਪੈਨਸ਼ਨਰੀ ਲਾਭਾਂ ਦੇ ਕੇਸ ਖਜਾਨਾ /ਜਿਲ੍ਹਾਂ/ਮਹਾਂਲੇਖਾਕਾਰ (ਏ ਅਤੇ ਈ) ਦਫਤਰ ਭੇਜੇ ਗਏ ਹਨ, ਤਾਂ ਪੱਤਰ ਨੰ/ਬਿੱਲ ਨੰ/ਮਿਤੀ ਗੂਗਲ ਸ਼ੀਟ ਵਿੱਚ ਦਰਜ਼ ਕੀਤਾ ਜਾਵੇ।

Scanned with OKEN Scanner

ਅਨੁਲੱਗ . 1

ਵਿਸ਼ਾ . ਮੁੱਕਦੀ ਤਿਮਾਹੀ ਤੱਕ ਸੇਵਾ ਨਵਿਰਤ ਹੋਏ ਅਧਿਕਾਰੀਆਂ.ਕਰਮਚਾਰੀਆਂ.ਮ੍ਰਿਤਕਾਂ ਦੇ ਆਸ਼ਰਿਤਾ (ਸਮੇਤ 01.04.2025 ਤੋਂ 30.06.2025 ਤੱਕ ਰਿਟਾਇਰ ਹੋਏ ਮੁਲਾਜ਼ਮਾਂ) ਨੂੰ ਮਿਲਣ ਵਾਲੇ ਵੱਖ.2 ਪੈਨਸ਼ਨਰੀ ਲਾਭਾ ਸੰਬੰਧੀ ਵੇਰਵੇਂ :.

| ਲੜੀ ਨੰ. | ਕਰਮਚਾਰੀ.ਅਧਿਕਾਰੀ ਦਾ ਨਾਂ.ਅਹੁੱਦਾ | ਸੇਵਾ ਨਵਿਰਤ.ਮੌਤ ਹੋਣ ਦੀ ਮਿਤੀ | ਪੈਨਸ਼ਨ ਮੰਨਜੂਰ ਹੋਣ ਦੀ ਮਿਤੀ | ਪੂਰੀ ਪੈਨਸ਼ਨ ਮੰਨਜੂਰ ਨਾ ਹੋਣ ਦੀ ਸਥਿਤੀ ਵਿੱਤ ਆਰਜ਼ੀ ਪੈਨਸ਼ਨ ਮੰਨਜੂਰ ਹੋਣ ਦੀ ਮਿਤੀ | ਗਰੈਚੂਟੀ ਜਾਰੀ ਕੀਤੇ ਜਾਣ ਦੀ ਮਿਤੀ | ਐਕਸਗ੍ਰੇਸ਼ੀਆ ਦੀ ਅਦਾਇਗੀ ਦੀ ਮਿਤੀ | ਲੀਵ ਇੰਨਕੈਸ਼ਮੈਂਟ ਅਦਾ ਕੀਤੇ ਜਾਣ ਦੀ ਮਿਤੀ | ਪੈਵੀਡੈਂਟ ਫੰਡ ਅਦਾ ਕੀਤੇ ਜਾਣ ਦੀ ਮਿਤੀ | ਜੀ.ਆਈ.ਐੱਸ.ਡੀ. ਐੱਲ.ਆਈ ਅਦਾ ਕੀਤੇ ਜਾਣ ਦੀ ਮਿਤੀ | ਪੈੱਨਸ਼ਨ ਕਮਿਊਟ ਹੋਣ ਦੀ ਮਿਤੀ | ਪੈੱਨਸ਼ਨ.ਪੈੱਨਸ਼ਨਰੀ ਲਾਭਾਂ ਦੀ ਅਦਾਇਗੀ ਨਾ ਹੋਣ ਦੇ ਕਾਰਨ | ਵਿਸ਼ੇਸ਼ ਕਥਨ | DDO CODE | SCHOOL NAME |
|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
| 1 | | | | | | | | | | | | | | |
| 2 | | | | | | | | | | | | | | |

| ਅਨੁਲੱਗ . 2 | | | | | | | | | |
|---|---|---|---|---|---|---|---|---|---|
| ਆਉਣ ਵਾਲੇ 24.30 ਮਹੀਨਿਆਂ ਦੌਰਾਨ ਸੇਵਾ ਨਿਵਿਰਤ ਹੋਣ ਵਾਲੇ ਅਧਿਕਾਰੀਆਂ.ਕਰਮਚਾਰੀਆਂ ਦੇ ਵੇਰਵੇਂ :. | | | | | | | | | |
| ਲੜ਼ੀ ਨੰ. | ਕਰਮਚਾਰੀ.ਅਧਿਕਾਰੀ ਦਾ ਨਾਂ.ਅਹੁਦਾ | ਜਨਮ ਮਿਤੀ | ਸੇਵਾ ਨਵਿਰਤੀ ਦੀ ਮਿਤੀ | ਪ੍ਰੋਵੀਡੈਂਟ ਫੰਡ ਨੰ. | ਜੇਕਰ ਅਧਿਕਾਰੀ.ਕਰਮਚਾਰੀ ਨੇ ਕੋਈ ਵਿਭਾਗੀ ਕਰਜਾ ਲਿਆ ਹੈ ਤਾਂ ਮੰਨਜੂਰ ਕਰਨ ਦੀ ਮਿਤ਼ੀ | ਕਰਜੇ ਦੀ ਰਹਿੰਦੀ ਰਕਮ | ਵਿਸ਼ੇਸ਼ ਕਥਨ | DDO CODE | SCHOOL NAME |
| 1 | 2 | 3 | 4 | 5 | 6 | 7 | 8 | 9 | 10 |
| 1 | | | | | | | | | |

Scanned with OKEN Scanner

ਅਨੁਲੱਗ . 3

ਵਿਭਾਗ.ਦਫਤਰ ਨਾਲ ਸੰਬੰਧਤ ਪ੍ਰਤੀ ਬੇਨਤੀਆਂ ਦੇ ਨਿਪਟਾਰੇ ਬਾਰੇ ਸਥਿਤੀ :.

| ਲੜੀ. ਨੰ. | ਕਰਮਚਾਰੀ.ਅਧਿਕਾਰੀ ਦਾ ਨਾਂ.ਅਹੁਦਾ | ਪ੍ਰਤੀ ਬੇਨਤੀ ਦਾ ਮਹੀਨਾ ਅਤੇ ਸਾਲ | ਪ੍ਰਤੀ ਬੇਨਤੀ ਦਾ ਸੰਖੇਪ ਵਿਸ਼ਾ | ਵਿਭਾਗ.ਦਫਤਰ ਵੱਲੋਂ ਪ੍ਰਤੀ ਬੇਨਤੀ ਦੇ ਨਿਪਟਾਰੇ ਲਈ ਕੀਤੀ ਗਈ ਕਾਰਵਾਈ ਦਾ ਸੰਖੇਪ | ਵਿਸ਼ੇਸ਼ ਕਥਨ | DDO CODE | SCHOOL NAME |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| 1 | | | | | | | |

Scanned with OKEN Scanner

| ਅਨੁੱਲਗ . 4 | | | | | | | | | |
|---|---|---|---|---|---|---|---|---|---|
| ਮਿਤੀ : 30.06.2025 ਤੱਕ ਮੁੱਕਦੀ ਤਿਮਾਹੀ ਦੌਰਾਨ ਪੈਨਸ਼ਨਰਾਂ ਵੱਲੋਂ ਵੱਖ.ਵੱਖ ਅਦਾਲਤਾਂ ਵਿੱਚ ਦਾਇਰ ਕੀਤੇ ਗਏ ਕੋਰਟ ਕੇਸ ਦੀ ਤਾਜਾ ਸਥਿਤੀ ਬਾਰੇ । | | | | | | | | | |
| ਲੜੀ ਨੰ. | ਰਿਟਾਇਰੀ ਦਾ ਨਾਂ.ਅਹੁਦਾ | ਸੇਵਾ ਨਵਿਰਤੀ.ਮੌਤ ਦੀ ਮਿਤੀ | ਕੋਰਟ ਕੇਸ ਦਾ ਵੇਰਵਾ | ਕੋਰਟ ਕੇਸ ਕਰਨ ਦੀ ਮਿਤੀ | ਮੰਗੀ ਗਈ ਰਾਹਤ ਜਵਾਬ ਦਾਵਾ ਦੇ ਵੇਰਵੇ | ਤਾਜ਼ਾ ਸਥਿਤੀ | ਵਿਸ਼ੇਸ਼ ਕਥਨ | DDO CODE | SCHOOL NAME |
| 1 | 2 | 3 | 4 | 5 | 6 | 7 | 8 | 9 | 10 |
| 1 | | | | | | | | | |

Scanned with OKEN Scanner

| ਅਨੁਲੱਗ . 5 | | | | | | |
|---|---|---|---|---|---|---|
| ਮਿਤੀ 27.11.2015 ਰਾਹੀ ਜਾਰੀ ਕੀਤੀਆਂ ਹਦਾਇਤਾਂ ਦੇ ਸਨਮੁੱਖ ਤਿਮਾਹੀ ਦੌਰਾਨ ਲਗਾਏ ਗਏ ਪੈਂਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਲਗਾਏ ਗਏ ਕੈਂਪ ਦੀ ਸਥਿਤੀ । | | | | | | |
| ਲੜੀ ਨੰ. | ਤਿਮਾਹੀ ਦੌਰਾਨ ਲਗਾਏ ਗਏ ਕੈਂਪਾਂ ਦੀ ਗਿਣਤੀ | ਕੈਂਪ ਦੌਰਾਨ ਪੈਨਸ਼ਨਰਾਂ ਪਾਸੋ ਪ੍ਰਾਪਤ ਹੋਈਆਂ ਸ਼ਿਕਾਇਤਾਂ.ਪ੍ਰਤੀ ਬੇਨਤੀਆਂ ਦਾ ਸੰਖੇਪ ਵੇਰਵਾ | ਕੈਂਪ ਦੌਰਾਨ ਪੈਨਸ਼ਨਰਾਂ.ਪ੍ਰਤੀ ਬੇਨਤੀਆਂ ਦੇ ਨਿਪਟਾਰੇ ਸੰਬੰਧੀ ਕੀਤੀ ਗਈ ਕਾਰਵਾਈ | ਵਿਸ਼ੇਸ਼ ਕਥਨ | DDO CODE | SCHOOL NAME |
| 1 | 2 | 3 | 4 | 5 | 6 | 7 |
| 1 | | | | | | |

Scanned with OKEN Scanner

ਅਨੁਲਗ . 6

ਨਵੀਂ ਪੈਂਨਸ਼ਨ ਸਕੀਮ ਅਧੀਨ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੇ ਅਤਿਮ ਅਦਾਇਗੀ ਦੇ ਕੇਸਾਂ ਦੀ ਡੀ.ਡੀ.ਓ ਵਾਈਜ਼ ਸੂਚੀ :.

| ਲੜੀ ਨੰ. | ਡੀ.ਡੀ.ਓ ਦਾ ਅਹੁਦਾ | ਪਰਮਾਨੈਂਟ ਰਿਟਾਇਰਮੈਂਟ ਅਕਾਊਂਟ ਨੰਬਰ (PRAN) | ਨਵੀਂ ਪੈਂਨਸ਼ਨ ਸਕੀਮ ਛੱਡਣ ਦੇ ਕਾਰਨ(ਰਿਟਾਇਰਮੈਂਟ.ਅਸਤੀਫਾ .ਮੌਤ.ਪੁਰਾਣੀ ਸਕੀਮ ਜਾਂ ਹੋਰ) ਕਿਰਪਾਪੂਰਵਕ ਸਪੱਸ਼ਟ ਰੂਪ ਵਿੱਚ ਨਿਆਨ ਕੀਤਾ ਜਾਵੇ | ਡੀ.ਡੀ.ਓ ਵੱਲੋਂ ਅੰਤ੍ਰਿਮ ਅਦਾਇਗੀ ਦੇ ਕੇਸ ਨੰ. ਸਿਸਟਮ ਵਿੱਚ ਅਰੰਭ ਕਰਨ ਦੀ ਮਿਤੀ | ਕੀ ਅਦਾਇਗੀ 60% ਦੀ ਅਨੁਪਾਤ ਵਿੱਚ ਹੈ ਜਾਂ 20% ਜਾਂ 100% ਜਾਂ ਮੁਲਾਜਮ ਦਾ ਆਪਣਾ ਹਿੱਸਾ ਦਿੱਤਾ ਜਾਣਾ ਹੈ ? ਕਿਸ ਮਿਤੀ ਤੋਂ ਕਿੰਨੀ ਅਦਾਇਗੀ ਮਿਲਣਯੋਗ ਹੈ? 60% (ਨਾਰਮਲ ਰਿਟਾਇਰਮੈਂਟ; 20% (ਪੂਰਵ ਸੇਵਾ ਨਵਿਰਤੀ.ਅਸਤੀਫਾ) 100% (ਮੌਤ ਦੇ ਕੇਸ) ਜਾਂ ਮੁਲਾਜ਼ਮ ਦਾ ਆਪਣਾ ਹਿੱਸਾ(ਪੁਰਾਣੀ ਪੈਂਨਸ਼ਨ ਸਕੀਮ ਵਿੱਚ ਕਵਰ ) ਦਾ ਵੇਰਵਾ | ਵਿਸ਼ੇਸ਼ ਕਥਨ (ਜੇਕਰ ਕੇਸ ਮੁਕੰਮਲ ਨਹੀ ਹੋਇ ਤਾਂ ਉਸਦੇ ਕਾਰਣ) | DDO CODE | SCHOOL NAME |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| 1 | | | | | | | | |